# (AN)OTHER REPORTED DOMESTIC VIOLENCE HOMICIDE SENDS A CHILLING & CRITICAL REMINDER

## LET'S ACT NOW!

SIKH FAMILY CENTER

ਸਿੱਖ ਫੈਮਿਲੀ ਸੈਂਟਰ

**We are sickened at the reported details about the murder of 38-year-old Manjeet Kaur, for which her husband has been arrested and charged.**

**The circumstances surrounding Kaur's struggle against abuse and subsequent murder, check nearly all the boxes on the Domestic Violence danger assessment—at its simplest a series of yes/no questions that advocates have long used to determine the risk a woman faces of being killed by an abusive intimate partner. If this seems strange, it is not: Domestic Violence cases are each unique and specific, but there are certain common themes that distinguish the most dangerous, even lethal, cases. Know these factors!**

**With the heaviness of heart, but resolve of spirit, we share the New Sikh Danger Assessment tool that we have co-created in Punjabi and English, working with Sikh survivors of DV and their families over the years.**

SIKH FAMILY CENTER
ਸਿੱਖ ਫੈਮਲੀ ਸੈਂਟਰ

**The Sikh Danger Assessment tool is not just a literal translation of other assessments; it updates the assessment to reflect the community's nuances and lived realities.**

**We have retained the statistically significant factors the peer counselors on our Helpline have been trained to identify by Johns Hopkins School of Nursing, the pioneers of the DV Danger Assessment. But we have also incorporated our community-specific dynamics, especially to ease the more individualistic elements (for example, absence of in-law abuse, or community intervention possibilities) of the existing tools. As a people, we must do better identifying and strengthening every high-risk survivor, facing interlocking vulnerabilities.**

**Factors on the Danger Assessment are not all equally weighed: that is, of many factors that contribute to heightened danger and lethality, research shows that some are especially dangerous.**

**Of these especially dangerous factors, some are more obvious to the general public (for example, the existence of a firearm) while others (for example, unemployment, past non-fatal strangulation, marital rape, or the absence of children from the home) are not as intuitive. Similarly, post-separation violence—that is, violence that follows and even exacerbates after the victim completes the already-daunting task of separating from the abusive partner—is often dangerously underestimated.**

SIKH FAMILY CENTER
ਸਿੱਖ ਫੈਮਿਲੀ ਸੈਂਟਰ

**Danger Assessment is only step one towards safety planning and survivor empowerment. There is no one formula. Each case, each Manjeet Kaur, is unique. Each survivor must be connected with trained, private, reliable advocates with whom they can privately discuss their safety concerns, priorities, and strategies. Sometimes these advocates are within their own community, sometimes far outside it—the survivor should be able to choose.**

**Manjeet Kaur's untimely and unnatural death reflects the lack of options for safety and empowerment for too many. Sikh Family Center was created in 2009 as a community-led and community-powered effort to better triage for survivors in our community, who are often unserved by other resources or unaware of other resources.**

**We encourage anyone who has concerns or questions to reach out to our Helpline. You are not alone. You have the right to safety. You have options.**

**Sikh Family Center National Helpline is Private and Bilingual (Punjabi & English)**
**866.SFC.SEWA | 866.732.7392**

SIKH FAMILY CENTER
ਸਿੱਖ ਫੈਮਿਲੀ ਸੈਂਟਰ

# DANGER ASSESSMENT FOR SIKH WOMEN

What factors make a volatile/abusive relationship more or less dangerous? What are the immediate red flags? What does evidence from thousands of cases tell us? How might victims/survivors better assess their level of danger?

Research/studies provide reliable evidence of specific risk factors that can lead to increased danger of future violence, severe violence, or even death. We can not predict what will happen in your situation, but we would like you to be aware of the danger of homicide (murder) in situations of abuse, and for you to see how many of the risk factors apply to your situation.

Reminder: you are encouraged to go at your own pace, pause as needed to take care of yourself, get more support in the moment if needed when completing the assessment.

You have options. You have the right to safety. You are not alone.

---

*Mark **Yes** or **No** for each of the following.* "He" refers to your husband, partner, ex-husband, ex-partner, or whoever is currently hurting you.

________ 1. Do you prefer to answer these questions in English?

________ 2. Has the physical violence increased in severity or frequency over the past year?

________ 3. Does he own a gun?

________ 4. Does he threaten to kill you?

________ 5. Is he violently and constantly jealous of you?
For instance, does he say, "If I can't have you, no one can?"; Is he jealous of you talking with your family/friends? Is he jealous of you spending more time with your children?

________ 6. Do you feel ashamed of the things he does to you?

________ 7. Have you left him after living together during the past year?
If you have never lived with him, check here: ________

________ 8. Does he prevent you from going to school, or getting job training, or learning English?
Does he prevent you from learning how to drive? ________

________ 9. Are you married to him?
Are your in-laws abusive? ________
If not married to him, is your relationship "secret" from family/friends?

________ 10. Was your partner born in the United States?
Were you born outside the United States? ________

________ 11. Has he threatened to report you to child protective services, immigration, or other authorities?

________ 12. Has he ever used a weapon against you or threatened you with a weapon?
If yes, was the weapon a gun? check here: ________

________ 13. Do you have a child that is not his?

________ 14. Has he ever forced you to have sex when you did not wish to do so?

________ 15. Does he ever try to choke/strangle you or cut off your breathing?
15a. If yes, has he done it more than once, or did it make you pass out or black out or make you dizzy? ________

________ 16. Is he an alcoholic or problem drinker?

________ 17. Does he threaten to harm your children?
________ 18. Are you unemployed?
Do you have access to bank accounts? ________
Has he restricted/blocked your access to credit cards? ________
________ 19. Have you attended college, vocational school and/or graduate school?
________ 20. Has he avoided being arrested for domestic violence?
Has he had you arrested for domestic violence? ________
________ 21. Have you ever been beaten by him while you were pregnant?
Have you never been pregnant by him? ________
________ 22. Has he ever threatened or tried to die by suicide?
________ 23. Do you believe he is capable of killing you?
________ 24. Does he follow or spy on you, leave threatening notes or messages on voicemail, destroy your property, or call you when you don't want him to?
________ 25. Do you hide the truth from others because you are afraid of him?
Have you been pressured to return to him after leaving him? ________
________ 26. Do you have any children living with you in your home?
________ 27 Do you have any children with him?
________ 28. Have you ever threatened or tried to die by suicide?
________ 29. Do you have family in the United States? If not immediate family, do you have extended family who could be supportive?
________ 30. Is he involved at the local Gurdwara?
________ 31. Does he use illegal drugs?
Do you use use any illegal drugs? ______
________ 32. Is he unemployed?
________ 33. Have you identified someone in the community who you can trust with your experience?

_______ **Total "Yes" answers**

---

*Using the calendar*, please mark the approximate dates during the past year when you were abused by your partner or ex-partner. Write next to that date how bad the incident was according to the following scale:

1. Slapping, pushing; no injuries and/or lasting pain
2. Punching, kicking; bruises, cuts, and/or continuing pain
3. "Beating up"; severe contusions, burns, broken bones
4. Threat to use a weapon; head injury, internal injury, permanent injury, miscarriage or choking* (use a © in the date to indicate choking/strangulation/cutting off your breathing- example 4©)
5. Use of a weapon; wounds from a weapon

(if **any** of the descriptions for the higher number apply, use the higher number)

---

**Print and share! You can fill out this form and call a trained peer counselor on the Sikh Family Center Helpline (or a DV Hotline of your choice) to understand your score and make a safety plan.**

*Please talk to a trusted and trained resource about what the Danger Assessment means in terms of your situation.*

Free & Private Sikh Family Center Helpline: 866-SFC-SEWA (732-7392)

National Domestic Violence Hotline, Free, Confidential, 24-hours: 1-800-799-7233

---

Co-developed with Sikh survivors of domestic violence and their families and adapted from the John Hopkins University School of Nursing Danger Assessment tool. [https://www.dangerassessment.org/](https://www.dangerassessment.org/)

SIKH FAMILY CENTER
ਸਿੱਖ ਫੈਮਿਲੀ ਸੈਂਟਰ

# ਸਿੱਖ ਔਰਤਾਂ ਨੂੰ ਪੇਸ਼ ਖਤਰੇ ਦਾ ਮੁਲਾਂਕਣ

ਉਹ ਕਿਹੜੇ ਹਾਲਾਤ ਹਨ ਜੋ ਹਿੰਸਕ ਰਿਸ਼ਤਿਆਂ ਵਿੱਚ ਬੱਝੀਆਂ ਸਿੱਖ ਔਰਤਾਂ ਨੂੰ ਵੱਧ ਖ਼ਤਰੇ ਵਿੱਚ ਪਾਉਂਦੇ ਹਨ? ਉਹ ਕਿਹੜੇ ਖਤਰਨਾਕ ਨਿਸ਼ਾਨ ਹਨ ਜਿਨ੍ਹਾਂ ਬਾਰੇ ਜਾਗਰੂਕ ਹੋਣਾ ਜ਼ਰੂਰੀ ਹੈ? ਹਜ਼ਾਰਾਂ ਦੁਰਵਿਵਹਾਰ ਨਾਲ ਸੰਬੰਧਤ ਕੇਸਾਂ ਤੋਂ ਸਾਨੂ ਕੀ ਜਾਣਕਾਰੀ ਮਿਲੀ ਹੈ? ਹਿੰਸਾ ਤੋਂ ਪੀੜਤਾਂ ਔਰਤਾਂ ਆਪਣੇ ਖ਼ਤਰੇ ਦਾ ਅੰਦਾਜ਼ਾ ਕਿਵੇਂ ਲੱਗਾ ਸਕਦੀਆਂ ਹਨ?

ਵਿਦਵਾਨਾਂ ਵਲ੍ਹੋ ਕੀਤੀ ਗਈ ਖੋਜ ਸਾਨੂੰ ਉਨ੍ਹਾਂ ਚਿੰਨ੍ਹਾਂ ਦੀ ਜਾਣਕਾਰੀ ਦਿੰਦੀ ਹੈ ਅਤੇ ਦੱਸਦੀ ਹੈ ਕੇ ਕਿਹੜੇ ਹਾਲਾਤ ਅੱਗੇ ਜਾਕੇ ਗੰਭੀਰ ਹਿੰਸਾ ਜ਼ਾ ਇੱਥੋ ਤੱਕ ਕੇ ਮੌਤ ਦੇ ਵੀ ਕਾਰਨ ਬਣ ਸਕਦੇ ਨੇ। ਅਸੀਂ ਇਹ ਅੰਦਾਜ਼ਾ ਤਾਂ ਨਹੀਂ ਲਗਾ ਸਕਦੇ ਕਿ ਤੁਹਾਡੇ ਲਈ ਅੱਗੇ ਕੀ ਵਾਪਰਨ ਵਾਲਾ ਹੈ, ਪਰ ਫਿਰ ਵੀ ਅਸੀਂ ਤੁਹਾਨੂੰ ਘਰੇਲੂ ਹਿੰਸਾ ਦੇ ਜਾਨਲੇਵਾ ਖਤਰਿਆਂ ਬਾਰੇ ਜ਼ਰੂਰ ਜਾਗਰੂਕ ਕਰਨਾ ਚਾਹੁੰਦੇ ਹਾਂ ਤਾਂ ਕਿ ਤੁਸੀਂ ਦੇਖ ਸਕੋ ਕਿ ਕਿਹੜੇ ਹਾਲਾਤ ਤੁਹਾਡੇ ਲਈ ਜ਼ੋਖਮ ਭਰੇ ਸਿੱਧ ਹੋ ਸਕਦੇ ਹਨ।

ਬੇਨਤੀ: ਆਪਣਾ ਸਮਾ ਲੈ ਕੈ ਇਹ ਮੁਲਾਂਕਣ ਭਰੋ ਜੀ।ਆਪਣੀਆਂ ਲੋੜਾਂ ਪ੍ਰਤੀ ਸੁਚੇਤ ਰਹੋ ਅਤੇ ਸਹਾਇਤਾ ਦੀ ਮੰਗ ਕਰਨ ਤੋ ਸੰਕੋਚ ਨਾਂ ਕਰਨਾ।

ਤੁਹਾਡੇ ਕੋਲ ਰਾਹ ਵੀ ਹਨ 'ਤੇ ਹੱਲ ਵੀ। ਤੁਹਾਨੂੰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ। ਤੁਸੀਂ ਇਕੱਲੇ ਨਹੀਂ ਹੋ।

---

**ਹਾਂ ਜਾਂ ਨਾਂਹ 'ਤੇ ਨਿਸ਼ਾਨੀ ਲਾਉ ਜੀ** ('ਉਹ' ਜਾਂ 'ਉਸ' ਤੋਂ ਭਾਵ ਹੈ ਤੁਹਾਡਾ ਪਤੀ, ਸਾਥੀ ਜਾਂ ਸਾਬਕਾ ਪਤੀ ਜਾਂ ਸਾਬਕਾ ਸਾਥੀ, ਜੋ ਵੀ ਤੁਹਾਨੂੰ ਇਸ ਵੇਲੇ ਨੁਕਸਾਨ ਪਹੁੰਚਾ ਰਿਹਾ ਹੈ)

_______ 1. ਕੀ ਤੁਸੀਂ ਇਹਨਾਂ ਸਵਾਲਾਂ ਦੇ ਜਵਾਬ ਅੰਗਰੇਜ਼ੀ ਵਿੱਚ ਦੇਣਾ ਚਾਹੁੰਦੇ ਹੋ?

_______ 2. ਕੀ ਪਿਛਲੇ ਸਾਲ ਦੌਰਾਨ ਸਰੀਰਕ ਕੁੱਟ ਮਾਰ ਦੀਆਂ ਘਟਨਾਵਾਂ ਵਿੱਚ ਜਾਂ ਉਨ੍ਹਾਂ ਦੀ ਗੰਭੀਰਤਾ ਵਿੱਚ ਵਾਧਾ ਹੋਇਆ?

_______ 3. ਕੀ ਉਸ ਦੇ ਕੋਲ ਬੰਦੂਕ ਹੈ?

_______ 4. ਕੀ ਉਹ ਤੁਹਾਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਾ ਹੈ?

_______ 5. ਕੀ ਉਹ ਹਮੇਸ਼ਾ ਅਤੇ ਹਿੰਸਕ ਤਰੀਕੇ ਨਾਲ ਈਰਖਾ ਕਰਦਾ ਹੈ?
ਜਿਵੇਂ ਕਿ, ਕੀ ਉਹ ਕਹਿੰਦਾ ਹੈ ਕਿ "ਜੇ ਤੂੰ ਮੇਰੀ ਨਾ ਹੋਈ, ਤਾਂ ਕਿਸੇ ਹੋਰ ਦੀ ਵੀ ਨਹੀਂ ਹੋ ਸਕਦੀ"; ਜਦੋਂ ਤੁਸੀ ਆਪਣੇ ਪਰਿਵਾਰ/ਦੋਸਤਾਂ ਨਾਲ ਗੱਲ ਕਰਦੇ ਹੋ, ਕੀ ਉਹ ਈਰਖਾ ਮਹਿਸੂਸ ਕਰਦਾ ਹੈ? ਜਦੋਂ ਤੁਸੀ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਂਦੇ ਹੋ ਕੀ ਉਹ ਈਰਖਾ ਮਹਿਸੂਸ ਕਰਦਾ ਹੈ?

_______ 6. ਕੀ ਤੁਸੀਂ ਉਸਦੀਆਂ ਤੁਹਾਡੇ ਨਾਲ ਕੀਤੀਆਂ ਹਰਕਤਾਂ ਕਰਕੇ ਸ਼ਰਮ ਮਹਿਸੂਸ ਕਰਦੇ ਹੋ?

_______ 7. ਇਕੱਠੇ ਰਹਿਣ ਤੋਂ ਬਾਅਦ ਪਿਛਲੇ ਸਾਲ ਦੌਰਾਨ ਕੀ ਤੁਸੀਂ ਕਿਸੇ ਵੇਲੇ ਉਸ ਨੂੰ ਛੱਡ ਕੇ ਗਏ?
ਜੇ ਤੁਸੀਂ ਕਦੇ ਵੀ ਉਸ ਦੇ ਨਾਲ ਨੇਹੀ ਰਹੇ, ਤਾਂ ਇੱਥੇ ਨਿਸ਼ਾਨ ਲਗਾਉ _______

_______ 8. ਕੀ ਉਹ ਤੁਹਾਨੂੰ ਪੜ੍ਹਾਈ ਕਰਨ, ਨੌਕਰੀ ਦੀ ਸਿਖਲਾਈ (ਟਰੇਨਿੰਗ) ਲੈਣ, ਜਾਂ ਅੰਗਰੇਜ਼ੀ ਸਿੱਖਣ ਤੋਂ ਰੋਕਦਾ ਹੈ?
ਕੀ ਉਹ ਤੁਹਾਨੂੰ ਗੱਡੀ ਚਲਾਉਣਾ ਸਿੱਖਣ ਨਹੀਂ ਦਿੰਦਾ? _______

_______ 9. ਕੀ ਤੁਸੀਂ ਉਸ ਨਾਲ ਵਿਆਹੇ ਹੋਏ ਹੋ?
ਕੀ ਤੁਹਾਡੇ ਸਹੁਰੇ ਤੁਹਾਡੇ ਨਾਲ ਦੁਰਵਿਹਾਰ ਕਰਦੇ ਹਨ? _______
ਜੇਕਰ ਤੁਹਾਡਾ ਉਸ ਨਾਲ ਵਿਆਹ ਨਹੀਂ ਹੋਇਆ, ਤਾਂ ਕੀ ਤੁਹਾਡਾ ਰਿਸ਼ਤਾ ਪਰਿਵਾਰ/ਦੋਸਤਾਂ ਤੋਂ "ਗੁਪਤ" ਹੈ?_______

_______ 10. ਕੀ ਤੁਹਾਡੇ ਸਾਥੀ ਦਾ ਜਨਮ ਅਮਰੀਕਾ ਵਿੱਚ ਹੋਇਆ ਸੀ?
ਕੀ ਤੁਹਾਡਾ ਜਨਮ ਅਮਰੀਕਾ ਤੋਂ ਬਾਹਰ ਹੋਇਆ ਸੀ? _______

_______ 11. ਕੀ ਉਹ ਤੁਹਾਨੂੰ ਧਮਕੀ ਦਿੰਦਾ ਹੈ ਕਿ ਉਹ ਤੁਹਾਡੀ ਸ਼ਿਕਾਇਤ ਇਮੀਗਰੇਸ਼ਨ, ਬੱਚਿਆਂ ਦੇ ਸੁਰੱਖਿਆ ਮਹਿਕਮੇ ਜਾਂ ਕਿਸੇ ਹੋਰ ਅਧਿਕਾਰੀਆਂ ਨੂੰ ਕਰੇਗਾ?

_______ 12. ਕੀ ਉਸਨੇ ਕਦੇ ਤੁਹਾਡੇ ਉੱਤੇ ਕਿਸੇ ਹਥਿਆਰ ਦੀ ਵਰਤੋਂ ਕੀਤੀ ਹੈ, ਜਾਂ ਕਿਸੇ ਜਾਨਲੇਵਾ ਹਥਿਆਰ ਨਾਲ ਤੁਹਾਨੂੰ ਧਮਕਾਇਆ ਹੈ?
ਜੇ ਹਾਂ, ਤਾਂ ਕੀ ਉਹ ਹਥਿਆਰ ਬੰਦੂਕ ਸੀ? ਨਿਸ਼ਾਨ ਲਗਾਉ _______

_______ 13. ਕੀ ਤੁਹਾਡਾ ਕੋਈ ਬੱਚਾ ਹੈ, ਜਿਸਦਾ ਪਿਤਾ ਉਹ ਨਹੀਂ ਹੈ?

_______ 14. ਕੀ ਉਸਨੇ ਕਦੇ ਧੱਕੇ ਨਾਲ ਤੁਹਾਡੇ ਨਾ ਚਾਹੁੰਦੇ ਹੋਏ ਸਰੀਰਕ ਸੰਬੰਧ ਬਣਾਏ ਹਨ, ਜਾਂ ਜਿਸਮਾਨੀ ਹਿੰਸਾ ਕੀਤੀ ਹੈ?

_______ 15. ਕੀ ਉਸਨੇ ਕਦੇ ਤੁਹਾਡਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਹੈ?
15ੳ. ਜੇ ਹਾਂ, ਤਾਂ ਕੀ ਉਸਨੇ ਇਹ ਇੱਕ ਤੋਂ ਵੱਧ ਵਾਰ ਕੀਤਾ ਹੈ, ਜਾਂ ਕੀ ਉਸ ਦੇ ਇਹ ਕੁਝ ਕਰਨ ਤੋਂ ਬਾਦ ਤੁਸੀਂ ਬੇਹੋਸ਼ ਹੋਏ, ਜਾਂ ਤੁਹਾਨੂੰ ਚੱਕਰ ਆਏ? ਇੱਥੇ ਨਿਸ਼ਾਨ ਲਗਾਉ _______

_______ 16. ਕੀ ਉਹ ਸ਼ਰਾਬੀ ਹੈ?

_______ 17. ਕੀ ਉਹ ਤੁਹਾਡੇ ਬੱਚਿਆਂ ਦਾ ਨੁਕਸਾਨ ਕਰਨ ਦੀ ਧਮਕੀ ਦਿੰਦਾ ਹੈ?

_______ 18. ਕੀ ਤੁਸੀਂ ਬੇਰੁਜ਼ਗਾਰ ਹੋ?
ਕੀ ਤੁਹਾਡੇ ਕੋਲ ਬੈਂਕ ਅਕਾਊਂਟ ਹੈ ਜਿਸ ਨੂੰ ਤੁਸੀਂ ਵਰਤ ਸਕਦੇ ਹੋ? _______
ਕੀ ਉਸਨੇ ਕ੍ਰੈਡਿਟ ਕਾਰਡਾਂ ਤੱਕ ਤੁਹਾਡੀ ਪਹੁੰਚ ਨੂੰ ਰੋਕਿਆ/ਬਲਾਕ ਕੀਤਾ ਹੈ? _______

_______ 19. ਕੀ ਤੁਸੀਂ ਕਾਲਜ ਦੀ ਪੜ੍ਹਾਈ ਜਾਂ ਕੋਈ ਕੋਰਸ ਕੀਤਾ ਹੈ, ਜਾਂ ਉੱਚੀ ਸਿੱਖਿਆ ਹਾਸਲ ਕੀਤੀ ਹੈ?

_______ 20. ਕੀ ਉਸ ਨੇ ਘਰੇਲੂ ਹਿੰਸਾ ਕਰਕੇ ਪੁਲਿਸ ਦੀ ਗ੍ਰਿਫਤਾਰੀ ਤੋਂ ਖੁਦ ਨੂੰ ਬਚਾਇਆ ਹੈ?
ਕੀ ਉਸ ਨੇ ਤੁਹਾਨੂ ਘਰੇਲੂ ਹਿੰਸਾ ਕਾਰਨ ਗ੍ਰਿਫਤਾਰ ਕਰਵਇਆ ਹੈ? _______

_______ 21. ਕੀ ਉਸਨੇ ਤੁਹਾਨੂੰ ਕਦੇ ਗਰਭਵਤੀ ਹਾਲਾਤ ਵਿੱਚ ਵੀ ਕੁੱਟਿਆ ਮਾਰਿਆ ਹੈ?
ਜੇ ਤੁਸੀਂ ਕਦੇ ਉਸ ਦੇ ਬੱਚੇ ਨਾਲ ਗਰਭਵਤੀ ਨਹੀਂ ਹੋਏ ਤਾਂ ਇੱਥੇ ਨਿਸ਼ਾਨ ਲਗਾਉ:_______

_______ 22. ਕੀ ਉਸਨੇ ਕਦੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਜਾਂ ਧਮਕੀ ਦਿੱਤੀ ਹੈ?

_______ 23. ਕੀ ਤੁਹਾਨੂੰ ਲੱਗਦਾ ਹੈ ਕਿ ਉਹ ਤੁਹਾਨੂੰ ਜਾਨੋਂ ਮਾਰ ਸਕਦਾ ਹੈ?

_______ 24. ਕੀ ਉਹ ਤੁਹਾਡਾ ਪਿੱਛਾ ਜਾਂ ਜਸੂਸੀ ਕਰਦਾ ਹੈ, ਧਮਕੀ ਭਰੇ ਮੈਸੇਜ ਛੱਡਦਾ ਹੈ, ਤੁਹਾਡੀਆਂ ਚੀਜ਼ਾਂ ਦੀ ਭੰਨ-ਤੋੜ ਕਰਦਾ ਹੈ ਜਾਂ ਫਿਰ ਜਦੋਂ ਤੁਸੀਂ ਨਾ ਚਾਹੁੰਦੇ ਹੋਵੋ, ਉਦੋਂ ਤੁਹਾਨੂੰ ਫੋਨ ਕਰਦਾ ਹੈ?

_______ 25. ਕੀ ਤੁਸੀਂ ਉਸ ਦੇ ਡਰ ਕਾਰਨ ਹੋਰਾਂ ਤੋਂ ਸੱਚਾਈ ਲੁਕਾਉਂਦੇ ਹੋ?
ਕੀ ਉਸ ਨੂੰ ਛੱਡਣ ਤੋਂ ਬਾਅਦ ਤੁਹਾਨੂੰ ਉਸ ਕੋਲ ਵਾਪਸ ਜਾਣ ਲਈ ਕਦੇ ਦਬਾਓ ਪਾਇਆ ਗਿਆ ਹੈ? _______

_______ 26. ਕੀ ਤੁਹਾਡੇ ਘਰ ਵਿੱਚ ਕੋਈ ਬੱਚੇ ਵੀ ਰਹਿੰਦੇ ਹਨ?

_______ 27. ਕੀ ਤੁਹਾਡੇ ਦੋਹਾਂ ਦੇ ਕੋਈ ਬੱਚੇ ਹਨ?

_______ 28. ਕੀ ਤੁਸੀਂ ਕਦੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਜਾਂ ਧਮਕੀ ਦਿੱਤੀ ਹੈ?

_______ 29. ਕੀ ਤੁਹਾਡੇ ਅਮਰੀਕਾ ਵਿੱਚ ਪਰਿਵਾਰ ਹੈ? ਜੇਕਰ ਨਜ਼ਦੀਕੀ ਪਰਿਵਾਰ ਨਹੀਂ ਹੈ, ਤਾਂ ਕੀ ਤੁਹਾਡੇ ਕੋਲ ਹੋਰ ਰਿਸ਼ਤੇਦਾਰ ਹਨ ਜੋ ਸਹਾਇਕ ਹੋ ਸਕਦੇ ਹਨ?

_______ 30. ਕੀ ਉਹ ਗੁਰਦੁਆਰੇ ਨਾਲ ਜੁੜਿਆ ਹੋਇਆ ਹੈ?

_______ 31. ਕੀ ਉਹ ਗੈਰ-ਕਾਨੂੰਨੀ ਨਸ਼ੇ ਕਰਦਾ ਹੈ?
ਕੀ ਤੁਸੀ ਕੋਈ ਗੈਰ-ਕਾਨੂੰਨੀ ਨਸ਼ਿਆਂ ਦੀ ਵਰਤੋ ਕਰਦੇ ਹੋ? _______

_______ 32. ਕੀ ਉਹ ਬੇਰੁਜ਼ਗਾਰ ਹੈ?

_______ 33. ਕੀ ਤੁਹਾਡੀ ਸੰਗਤ ਵਿੱਚ ਕੋਈ ਅਜਿਹਾ ਇਨਸਾਨ ਹੈ ਜਿਸ 'ਤੇ ਤੁਸੀ ਭਰੋਸਾ ਕਰ ਸਕਦੇ ਹੋ?

_______ **ਕੁੱਲ ਹਾਂ ਦੇ ਜਵਾਬ**

ਇੱਕ ਕਲੰਡਰ ਲੈ ਕੇ ਉਸ ਉੱਤੇ ਅੰਦਾਜੇ ਨਾਲ ਪਿਛਲੇ ਸਾਲ ਦੌਰਾਨ ਉਹਨਾਂ ਸਾਰੇ ਦਿਨਾਂ 'ਤ ਨਿਸ਼ਾਨੀਆ ਲਗਾਉ ਜਦੋਂ ਤੁਹਾਡੇ ਸਾਥੀ ਜਾਂ ਸਾਬਕਾ ਸਾਥੀ ਤੁਹਾਡੇ ਨਾਲ ਹਿੰਸਕ ਢੰਗ ਨਾਲ ਪੇਸ਼ ਆਇਆ ਹੋਵੇ। ਉਸ ਤਰੀਕ 'ਤੇ ਇਹ ਵੀ ਲਿਖੋ ਕਿ ਹੇਠਾਂ ਦਿੱਤੇ ਮਾਪਦੰਡ ਅਨੁਸਾਰ ਹਰ ਵਾਰਦਾਤ / ਘਟਨਾ ਕਿੰਨੀ ਬੁਰੀ, ਖਤਰਨਾਕ ਜਾਂ ਦਰਦਨਾਕ ਸੀ।

1. ਥੱਪੜ ਜਾਂ ਧੱਕੇ ਮਾਰਨੇ: ਸੱਟਾਂ ਨਹੀਂ ਲੱਗੀਆਂ/ ਦਰਦ ਲੰਬਾ ਸਮਾਂ ਨਹੀਂ ਰਿਹਾ
2. ਮੁੱਕੇ, ਲੱਤਾਂ ਜਾਂ ਠੁੱਡ ਮਾਰਨੇ: ਨੀਲ ਪੈਣੇ, ਜ਼ਖਮ ਹੋਣੇ / ਲੰਬਾ ਸਮਾਂ ਦਰਦ ਰਹਿਣਾ
3. "ਕੁੱਟਮਾਰ ਕਰਨੀ": ਨੀਲੇ-ਲਾਲ ਨਿਸ਼ਾਨ ਪੈਣੇ, ਚਮੜੀ ਸੜਨਾ, ਹੱਡੀ ਟੁੱਟਣਾ
4. ਹਥਿਆਰ ਵਰਤਣ ਦੀ ਧਮਕੀ/ ਸਿਰ ਦੀ ਸੱਟ/ ਅੰਦਰੂਨੀ ਗੁੱਝੀ ਸੱਟ/ ਪੱਕੀ ਸਥਾਈ (ਸਦਾ ਅਸਰ ਕਰਨ ਵਾਲੀ) ਸੱਟ/ ਗਰਭ ਵਿਚਲਾ ਬੱਚਾ ਖੋ ਜਾਣਾ/ ਗਲਾ ਘੁੱਟਣਾ* (ਗਲਾ ਘੁੱਟਣ ਜਾਂ ਸਾਹ ਰੁਕਣ ਵਾਰੇ ਦੱਸਣ ਵਾਸਤੇ © ਦੇ ਨਿਸ਼ਾਨ ਦੀ ਵਰਤੋਂ ਕਰੋ ਜੀ-ਉਦਾਹਰਣ ਵਜੋਂ 4 ©)
5. ਹਥਿਆਰ ਦੀ ਵਰਤੋਂ/ ਹਥਿਆਰ ਤੋਂ ਵੱਜੀ ਸੱਟ

SIKH FAMILY CENTER
ਸਿੱਖ ਫੈਮਿਲੀ ਸੈਂਟਰ

ਪ੍ਰਿੰਟ ਅਤੇ ਸ਼ੇਅਰ ਕਰੋ ਜੀ! ਤੁਸੀ ਇਸ ਦਸਤਾਵੇਜ਼ ਨੂੰ ਭਰ ਸਕਦੇ ਹੋ ਅਤੇ ਆਪਣੇ ਰਿਜ਼ਲਟ ਨੂੰ ਸਮਝਣ ਲਈ ਅਤੇ ਸੁਰੱਖਿਆ ਯੋਜਨਾ ਬਣਾਉਣ ਲਈ ਸਿੱਖ ਫੈਮਿਲੀ ਸੈਂਟਰ ਹੈਲਪਲਾਈਨ (ਯਾ ਤੁਹਾਡੇ ਪਸੰਦ ਦੀ ਹੌਟਲਾਈਨ) ਨੂੰ ਕਾਲ ਕਰ ਸਕਦੇ ਹੋ ਅਤੇ ਇਕ ਕਾਬਿਲ ਸਮਝਦਾਰ ਸਹਿਯੋਗੀ ਨਾਲ ਗੱਲ ਕਰ ਸਕਦੇ ਹੋ।

ਕਿਰਪਾ ਕਰਕੇ ਕਿਸੇ ਭਰੋਸੇਮੰਦ ਕਾਬਿਲ ਸਹਿਯੋਗੀ ਨਾਲ ਗੱਲਬਾਤ ਕਰਕੇ ਪਤਾ ਲਗਾਉ ਕਿ ਤੁਹਾਨੂੰ ਪੇਸ਼ ਖਤਰੇ ਦਾ ਮੁਲਾਂਕਣ ਕਰਨ ਵਾਲਾ ਇਹ ਦਸਤਾਵੇਜ਼ ਤੁਹਾਡੇ ਹਾਲਾਤ 'ਤੇ ਕਿਸ ਤਰ੍ਹਾਂ ਲਾਗੂ ਹੁੰਦਾ ਹੈ।

ਮੁਫਟ ਅਤੇ ਗੁਪਤ ਸਿੱਖ ਫੈਮਿਲੀ ਸੈਂਟਰ ਮੱਦਦ ਫੋਨ ਲਾਈਨ (ਹੈਲਪਲਾਈਨ): **866-SFC-SEWA (866-732-7392)**

ਨੈਸ਼ਨਲ ਘਰੇਲੂ ਹਿੰਸਾ **24** ਘੰਟੇ ਮੱਦਦ ਫੋਨ ਲਾਈਨ (ਹੈਲਪਲਾਈਨ), ਮੁਫਟ ਅਤੇ ਗੁਪਤ: **1-800-799-7233**

ਇਹ ਮੁਲਾਂਕਣ ਘਰੇਲੂ ਹਿੰਸਾ ਤੋਂ ਪੀੜਤ ਸਿੱਖ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਿਹਯੋਗ ਨਾਲ ਅਤੇ ਜੌਨ ਹੌਪਕਿਨਜ਼ ਯੁਨੀਵਰਸਿਟੀ ਸਕੂਲ ਆਫ ਨਰਸਿੰਗ ਡੈਂਜਰ ਅਸੈਸਮੈਂਤ ਟੂਲ ਤੋਂ ਅਪਣਾਇਆ ਗਿਆ ਹੈ। https://www.dangerassessment.org/

SIKH FAMILY CENTER

ਸਿੱਖ ਫੈਮਿਲੀ ਸੈਂਟਰ